a2zpapers.com

www.a2zpapers.com

**Exam. Code : 108601**
**Subject Code : 2158**

**B.Sc. Fashion Designing 1st Semester**

**PUNJABI COMPULSORY**

**Paper–VII (i)**

Time Allowed—3 Hours] [Maximum Marks—50

**ਨੋਟ :** ਕੋਈ **ਪੰਜ** ਪ੍ਰਸ਼ਨ ਕਰੋ। ਹਰ ਭਾਗ 'ਚੋਂ **ਇੱਕ** ਪ੍ਰਸ਼ਨ ਦਾ ਉੱਤਰ ਦੇਣਾ ਜ਼ਰੂਰੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ 'ਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ—ੳ**

1. ਕਿਸੇ **ਇੱਕ** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

   (ੳ) ਜਵਾਨ ਪੰਜਾਬ

   (ਅ) ਇਨਕਾਰ। 10

2. ਹੇਠ ਲਿਖੇ ਪੈਰ੍ਹੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

   ਸਭ ਸਨਸੇ ਤੇਰੇ ਦੂਰ ਹੋਏ,
   ਹਿਕ-ਖੂੰਜੇ ਨੂਰੋ ਨੂਰ ਹੋਏ।
   ਪਰ ਪੜ੍ਹ ਪੜ੍ਹ ਪੁਸਤਕ ਢੇਰ ਕੁੜੇ,
   ਮੇਰਾ ਵਧਦਾ ਜਾਏ ਹਨੇਰ ਕੁੜੇ। 10



www.a2zpapers.com www.a2zpapers.com
ad free old Question papers gndu, ptu hp board, punjab

a2zpapers.com

## ਭਾਗ—ਅ

3. ਸ. ਸ. ਅਮੋਲ ਦੀ ਵਾਰਤਕ-ਸ਼ੈਲੀ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ। 10

4. 'ਗੁਰੂ ਕਾ ਬਾਗ ਅਤੇ ਮੁਲਤਾਨ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 10

## ਭਾਗ—ੲ

5. ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ-ਰਚਨਾ ਕਰੋ :

(ੳ) ਜੇ ਮੈਂ ਅਧਿਆਪਕ ਹੋਵਾਂ

(ਅ) ਵਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ। 10

6. ਹੇਠ ਲਿਖਿਆ ਪੈਰਾ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਜਵਾਬ ਦਿਉ :

ਡਾਰਵਿਨ ਨੇ ਆਪਣੀ ਵਿਕਾਸਗਤ ਅਧਿਐਨ ਵਿਧੀ ਨੂੰ 'ਨਸਲਾਂ ਵਿਚਕਾਰ ਵਿਕਾਸ' ਦੀ ਬਜਾਇ 'ਨਸਲਾਂ ਅੰਦਰ ਵਿਕਾਸ' ਉੱਤੇ ਕੇਂਦ੍ਰਿਤ ਕਰਨਾ ਸ਼ੁਰੂ ਕੀਤਾ। ਉਸਨੇ ਇਸ ਪ੍ਰਚਲਿਤ ਧਾਰਨਾ ਨੂੰ ਸਿਰੇ ਤੋਂ ਹੀ ਖਾਰਜ ਕੀਤਾ ਕਿ ਜੀਵ ਵਾਤਾਵਰਣ ਦੇ ਬਿਲਕੁਲ ਅਨੁਕੂਲ ਢਲ ਜਾਂਦੇ ਹਨ। ਉਸਨੇ ਵਿਚਾਰ ਰੱਖਿਆ ਕਿ ਕੁਦਰਤ ਵਿੱਚ ਦੋ ਨਸਲਾਂ ਦੇ ਮੁਕਾਬਲੇਬਾਜ਼ ਜੀਵਾਂ ਵਿੱਚੋਂ ਵੀ ਜੂਝਣ ਦੀ ਸਮਰੱਥਾ ਹਰੇਕ ਜੀਵ ਦੀ ਸਰੀਰਕ ਸਮਰੱਥਾ ਤੇ ਤੰਦਰੁਸਤੀ ਦੇ ਮਿਆਰ ਤੇ ਨਿਰਭਰ ਕਰਦੀ ਹੈ। ਨਾਲੇ ਜੱਦੋ-ਜਹਿਦ ਹਮੇਸ਼ਾਂ ਵੱਖ-ਵੱਖ ਨਸਲਾਂ ਵਿਚਕਾਰ ਹੁੰਦੀ ਹੈ, ਇਕੋ ਨਸਲ ਦੇ ਅੰਦਰ ਨਹੀਂ। ਉਸਨੇ ਇਹ ਵੀ ਸਿੱਧ ਕੀਤਾ ਕਿ ਇੱਕ ਆਮ ਆਬਾਦੀ ਵਿੱਚ ਤਿੱਖੀ ਚੁੰਝ, ਲੰਮੇ ਸਿੰਗਾਂ ਜਾਂ ਲਿਸ਼ਕਦੇ ਖੰਭਾਂ ਆਦਿ ਗੁਣਾਂ



www.a2zpapers.com www.a2zpapers.com
www.a2zpapers.com
ad free old Question papers gndu, ptu hp board, punjab

a2zpapers.com

ਦੇ ਧਾਰਨੀ ਪ੍ਰਾਣੀ ਹੀ ਦੂਜੇ ਜੀਵਾਂ ਨਾਲੋਂ ਵਾਤਾਵਰਨ ਵਿਰੁੱਧ ਜੂਝਣ ਦੀ ਵਧੇਰੇ ਸਮਰੱਥਾ ਰੱਖਦੇ ਹਨ। ਜੇ ਉਕਤ ਪ੍ਰਭਾਵਸ਼ਾਲੀ ਗੁਣ ਕਿਸੇ ਨਵੀਂ ਪੀੜ੍ਹੀ ਦੀ ਨਸਲ ਵਿੱਚ ਆ ਜਾਣ ਤਾਂ ਉਹ ਭਵਿੱਖੀ ਨਸਲਾਂ ਤੇ ਵਧੇਰੇ ਹਾਵੀ ਹੋ ਜਾਵੇਗੀ। ਇਸ ਲਈ ਉਸਨੇ ਕੁਦਰਤੀ ਚੋਣ ਨੂੰ ਮੁੱਖ ਜੀਵਨ ਲੜੀ ਵਜੋਂ ਪਰਿਭਾਸ਼ਿਤ ਕੀਤਾ, ਜਿਸ ਰਾਹੀਂ ਵਿਲੱਖਣ ਗੁਣਾਂ ਦੇ ਧਾਰਨੀ ਜੀਵ ਜੁਝਾਰੂ ਜ਼ਿੰਦਗੀ ਜੀਣ ਤੇ ਜਿੱਤਣ ਵਿੱਚ ਸਫ਼ਲ ਹੋ ਜਾਂਦੇ ਹਨ ਅਤੇ ਜੁਝਾਰੂ ਗੁਣਾਂ ਤੋਂ ਸੱਖਣੇ ਜੀਵਾਂ ਦੀਆਂ ਨਸਲਾਂ ਇਸ ਧਰਤੀ ਤੋਂ ਲੋਪ ਹੋ ਜਾਂਦੀਆਂ ਹਨ।

**ਪ੍ਰਸ਼ਨ :**

(i) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਦਿਉ।

(ii) ਡਾਰਵਿਨ ਨੇ ਕਿਸ ਪ੍ਰਚੱਲਿਤ ਧਾਰਨਾ ਨੂੰ ਖਾਰਜ ਕੀਤਾ ?

(iii) ਡਾਰਵਿਨ ਮੁਤਾਬਕ ਕਿਹੜੇ ਜੀਵ ਵਾਤਾਵਰਨ ਵਿਰੁੱਧ ਜੂਝਣ ਵਿੱਚ ਵਧੇਰੇ ਸਮਰੱਥਾ ਰੱਖਦੇ ਹਨ ?

(iv) ਡਾਰਵਿਨ ਨੇ ਜੀਵਨ ਲੜੀ ਵਜੋਂ ਕਿਸਨੂੰ ਪਰਿਭਾਸ਼ਿਤ ਕੀਤਾ ?

(v) ਡਾਰਵਿਨ ਮੁਤਾਬਕ ਕਿਹੜੀਆਂ ਨਸਲਾਂ ਧਰਤੀ ਤੋਂ ਲੋਪ ਹੋ ਜਾਂਦੀਆਂ ਹਨ ? 10

## ਭਾਗ—ਸ

7. ਪੰਜਾਬੀ ਦੇ ਸਵਰ ਪ੍ਰਬੰਧ ਬਾਰੇ ਤੁਸੀਂ ਕੀ ਜਾਣਦੇ ਹੋ ? 10

8. ਪੰਜਾਬੀ ਦੀਆਂ ਉਪਭਾਸ਼ਾਵਾਂ ਦੱਸਦੇ ਹੋਏ ਉਨ੍ਹਾਂ ਦੇ ਪਛਾਣ ਚਿੰਨ੍ਹ ਸਪਸ਼ਟ ਕਰੋ। 10



www.a2zpapers.com www.a2zpapers.com
oad free old Question papers gndu, ptu hp board, punjab
www.a2zpapers.com